ਆਈ.ਬੀ.ਆਈ./2006-2007/315

ਆਰ.ਪੀ.ਸੀ.ਡੀ. ਸੀ.ਓ. ਆਰ.ਐਫ.ਬੀ.ਸੀ. ਨੰ. 67/07.02.01/2006-07

ਅਪ੍ਰੈਲ 9, 2007

ਸਾਰੇ ਸਟੇਟ ਅਤੇ ਸੈਂਟਰਲ ਕੋ-ਆਪਰੇਟਿਵ ਬੈਂਕਸ

ਸ਼੍ਰੀਮਾਨ ਜੀ,

ਲੈਣ-ਦੇਣ ਨੂੰ ਨੇੜਲੇ ਰੁਪਏ ਵਿਚ ਬਦਲਨਾ

ਕਿਰਪਾ ਕਰਕੇ ਸਾਡੇ ਸਰਕੂਲਰ ਆਰ.ਪੀ.ਸੀ.ਡੀ. ਨੂੰ ਆਰ.ਐਫ.ਬੀ.ਬੀ.68/ਡੀ.1-90- 91 ਮਿਤੀ ਜਨਵਰੀ 1, 1991 ਵੱਲ ਧਿਆਨ ਦਿਓ ਜਿਸ ਵਿਚ ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਜਮਾਂ-ਰਾਸ਼ੀਆਂ ਤੇ ਵਿਆਜ ਦੇ ਭੁਗਤਾਨ/ਕਰਜ਼ਿਆਂ 'ਤੇ ਵਿਆਜ ਲਗਾਉਣ ਸਮੇਤ ਸਾਰੇ ਲੈਣ-ਦੇਣ ਨੂੰ ਨੇੜਲੇ ਰੁਪਏ ਵਿਚ ਬਦਲ ਦੇਣਾ ਚਾਹੀਦਾ ਹੈ, ਅਰਥਾਤ 50 ਪੈਸੇ ਜਾਂ ਇਸ ਤੋਂ ਵੱਧ ਨੂੰ ਅਗਲੇ ਰੁਪਏ ਵਿਚ ਬਦਲ ਦੇਣਾ ਚਾਹੀਦਾ ਹੈ 'ਤੇ 50 ਪੈਸੇ ਤੋਂ ਘੱਟ ਦੀ ਰਾਸ਼ੀ ਨੂੰ ਨਜ਼ਰਅੰਦਾਜ ਕਰ ਦੇਣਾ ਚਾਹੀਦਾ ਹੈ। ਪਰੰਤੂ, ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਗ੍ਰਾਹਕਾਂ ਵਲੋਂ ਜਾਰੀ ਕੀਤੇ ਚੈਕਾਂ ਵਿਚ ਰੁਪਏ ਦੇ ਅੰਸ਼ਾਂ ਦੀ ਸੂਰਤ ਵਿਚ ਉਹਨਾਂ ਨੂੰ ਨਾਮੰਜੂਰ ਨਾ ਕੀਤਾ ਜਾਵੇ।

2. ਅਸੀਂ ਦਸਦੇ ਹਾਂ ਕਿ ਹੁਣੇ-ਹੁਣੇ ਗੁਜਰਾਤ ਹਾਈ ਕੋਰਟ, ਅਹਿਮਦਾਬਾਦ, ਸਾਮ੍ਹਣੇ ਇਕ ਅਜਿਹਾ ਮੁਕੱਦਮਾ ਆਇਆ, ਜਿਸ ਵਿਚ ਇਕ ਬੈਂਕ ਵਲੋਂ ਅਜਿਹਾ ਡਰਾਫਟ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਗਿਆ ਸੀ, ਜੋ ਸਰਕਾਰੀ ਖਾਤੇ ਵਿਚ ਜਮਾਂ ਕਰਨ ਲਈ ਰੁਪਏ ਦੇ ਅੰਸ਼ਾਂ ਵਿਚ ਬਣਾਇਆ ਗਿਆ ਸੀ। ਗੁਜਰਾਤ ਹਾਈ ਕੋਰਟ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਨਿਰਦੇਸ਼ ਦਿੱਤਾ ਹੈ ਕਿ ਇਸ ਮਾਮਲੇ ਵਿਚ ਉਪਰੋਕਤ ਪੈਰਾ 1 ਵਿੱਚ ਦਿੱਤੇ ਨਿਰਦੇਸ਼ਾਂ ਦੀ ਰੋਸ਼ਨੀ ਵਿਚ ਕਾਨੂੰਨ ਅਨੁਸਾਰ ਉਚਿਤ ਕਦਮ ਚੁਕੇ ਜਾਣ ਅਤੇ ਜੇਕਰ ਜਰੂਰੀ ਹੋਵੇ ਤਾਂ ਉਹਨਾਂ ਸਾਰੇ ਬੈਂਕਾਂ ਨੂੰ ਨਵੇਂ ਸਿਰੇ ਤੋਂ ਨੋਟੀਫਿਕੇਸ਼ਨਾਂ/ਨੋਟਿਸ ਜਾਰੀ ਕੀਤੇ ਜਾਣ ਜਿਨ੍ਹਾਂ ਨੇ ਅੰਦਰੂਨੀ ਤੌਰ 'ਤੇ ਅਜਿਹੇ ਚੈਕ, ਆਦਿ ਸਵੀਕਾਰ ਨਾ ਕਰਨ ਲਈ ਸਰਕੂਲਰ ਜਾਰੀ ਕੀਤੇ ਹੋਣ ਅਤੇ ਧਿਆਨ ਰਖਿਆ ਜਾਵੇ ਕਿ ਉਨ੍ਹਾਂ

ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਜੋ ਅਜਿਹੇ ਚੈਕ/ਡਰਾਫਟ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ ਜੋ ਕਿ ਰੁਪਏ ਦੇ ਅੰਸ਼ਾਂ ਵਿਚ ਬਣਵਾਏ ਗਏ ਹੋਣ। ਇਸ ਲਈ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਗ੍ਰਾਹਕਾਂ ਦੁਆਰਾ ਰੁਪਏ ਦੇ ਅੰਸ਼ਾਂ ਵਿਚ ਜਾਰੀ ਕੀਤੇ ਚੈਕ/ਡਰਾਫਟ ਬੈਂਕਾਂ ਦੁਆਰਾ ਰੱਦ/ਨਾਮੰਨਜ਼ੂਰ ਨਾ ਕੀਤੇ ਜਾਣ। ਬੈਂਕ ਇਸ ਸੰਬੰਧ ਵਿਚ ਜਾਰੀ ਆਪਣੀ ਕਾਰਵਾਈ 'ਤੇ ਪੁਨਰ-ਵਿਚਾਰ ਕਰ ਸਕਦੇ ਹਨ ਅਤੇ ਅੰਦਰੂਨੀ ਸਰਕੂਲਰ ਆਦਿ ਜਾਰੀ ਕਰਕੇ ਉਹ ਉਚਿਤ ਕਦਮ ਚੁੱਕ ਸਕਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਬੰਧਿਤ ਕਰਮਚਾਰੀ ਇਹਨਾਂ ਨਿਰਦੇਸ਼ਾਂ ਬਾਰੇ ਪੂਰੀ ਜਾਣਕਾਰੀ ਰੱਖਦੇ ਹੋਣ ਤਾਂ ਜੋ ਆਮ ਜਨਤਾ ਨੂੰ ਪਰੇਸ਼ਾਨੀ ਨਾ ਉਠਾਣੀ ਪਵੇ। ਬੈਂਕ ਇਹ ਵੀ ਯਕੀਨੀ ਬਣਾਉਣ ਕਿ ਉਹ ਆਪਣੇ ਅਜਿਹੇ ਕਰਮਚਾਰੀਆਂ ਖਿਲਾਫ ਉਚਿਤ ਕਾਰਵਾਈ ਕਰਨ ਜਿਹਨਾਂ ਦੁਆਰਾ ਰੁਪਏ ਦੇ ਅੰਸ਼ਾਂ ਵਿਚ ਜਾਰੀ ਚੈਕ/ਡਰਾਫਟ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਗਿਆ ਹੋਵੇ।

3. ਕਿਰਪਾ ਕਰਕੇ ਯਾਦ ਰੱਖਿਆ ਜਾਵੇ ਕਿ ਉਪਰੋਕਤ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਬੈਂਕ ਖਿਲਾਫ ਬੈਂਕਿੰਗ ਰੈਗੂਲੇਸ਼ਨ ਐਕਟ, 1949 (ਏ.ਏ.ਸੀ.ਐਸ.) ਦੇ ਨਿਯਮਾਂ ਅਧੀਨ ਦੰਡ ਦੇਣ ਦੀ ਕਾਰਵਾਈ ਕੀਤੀ ਜਾਵੇਗੀ।

4. ਕਿਰਪਾ ਕਰਕੇ ਪ੍ਰਾਪਤੀ ਦੀ ਸੂਚਨਾ ਸਾਡੇ ਸੰਬੰਧਿਤ ਰੀਜਨਲ ਆਫਿਸ ਨੂੰ ਭੇਜੀ ਜਾਵੇ।

ਆਪਜੀ ਦਾ ਵਿਸ਼ਵਾਸਪਾਤਰ,

(ਕੇ.ਭੱਟਾਚਾਰਿਆ)

ਜਨਰਲ ਮੈਨੇਜਰ